**ਲੰਡਨ ਦਾ ਮੇਅਰ ਅਤੇ ਲੰਡਨ ਅਸੈਂਬਲੀ ਚੋਣਾਂ**

# 6 ਮਈ 2021

# ਇਸ ਨੂੰ ਡਾਇਰੀ ਵਿੱਚ ਲਿਖ ਲਵੋ। ਇੱਕ ਵਾਰ ਫਿਰ।

ਲਡਨ ਦੀਆਂ ਚਣਾਂ 6 ਮਈ 2021 ਨ ਹਨ। ਤਸੀਂ ਕਿਵ ਭਾਗ ਲ ਸਕਦ ਹ ਇਸ ਬਾਰ ਜਾਣਕਾਰੀ ਲਈ **londonelects.org.uk** 'ਤ ਜਾਓ

**ਆਪਣੀ ਗੱਲ ਰਖੋ।**

LONDON ELECTS

6 ਮਈ 2021 ਨੂੰ ਲੰਡਨ ਵਾਸੀ ਲੰਡਨ ਦੇ ਮੇਅਰ ਅਤੇ ਲੰਡਨ ਅਸੈਂਬਲੀ ਦੇ 25 ਮੈਂਬਰਾਂ ਨੂੰ ਚੁਣਨ ਲਈ ਵੋਟ ਪਾ ਸਕਦੇ ਹਨ।

ਮੇਅਰ ਦਾ ਕੰਮ ਲੰਡਨ ਨੂੰ ਉਸ ਹਰ ਇੱਕ ਵਿਅਕਤੀ ਲਈ ਇੱਕ ਬਿਹਤਰ ਜਗ੍ਹਾ ਬਣਾਉਣਾ ਹੈ ਜੋ ਇਸ ਸ਼ਹਿਰ ਵਿੱਚ ਰਹਿੰਦਾ, ਕੰਮ ਕਰਦਾ ਜਾਂ ਘੁੰਮਣ ਆਉਂਦਾ ਹੈ।

ਇਸ ਵਿੱਚ ਨੀਤੀਆਂ ਬਣਾਉਣਾ, ਬਜਟ ਨਿਰਧਾਰਤ ਕਰਨਾ, ਵੱਡੇ ਪ੍ਰੋਗਰਾਮਾਂ ਦੀ ਨਿਗਰਾਨੀ ਕਰਨਾ ਅਤੇ ਦੁਨੀਆ ਭਰ ਵਿੱਚ ਲੰਡਨ ਦੀ ਪ੍ਰਸਿੱਧੀ ਕਰਨਾ ਸ਼ਾਮਲ ਹੈ - ਇਹ ਸਭ ਮੇਅਰ ਦੀ ਸੋਚ ਅਤੇ ਲੰਡਨ ਅਤੇ ਲੰਡਨ ਵਾਸੀਆਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ।

ਲੰਡਨ ਅਸੈਂਬਲੀ ਵਿੱਚ 25 ਮੈਂਬਰ ਹੁੰਦੇ ਹਨ - 11 ਪੂਰੀ ਰਾਜਧਾਨੀ ਦੇ ਨੁਮਾਇੰਦੇ ਹੁੰਦੇ ਹਨ ਅਤੇ 14 ਲੰਡਨ ਦੇ ਚੋਣ ਹਲਕਿਆਂ ਰਾਹੀਂ ਚੁਣੇ ਜਾਂਦੇ ਹਨ।

ਅਸੈਂਬਲੀ, ਸਿਟੀ ਹਾਲ ਵਿਖੇ ਲੰਡਨ ਵਾਸੀਆਂ ਦੀਆਂ ਅੱਖਾਂ ਅਤੇ ਕੰਨਾਂ ਦਾ ਕੰਮ ਕਰਦੀ ਹੈ। ਮੈਂਬਰ, ਮੇਅਰ ਦੀ ਜਵਾਬਦੇਹੀ ਯਕੀਨੀ ਬਣਾਉਂਦੇ ਹਨ, ਉਹ ਇਸ ਗੱਲ ਦਾ ਧਿਆਨ ਰੱਖਦੇ ਹੋਏ ਕਿ ਮੇਅਰ ਦੀਆਂ ਰਣਨੀਤੀਆਂ, ਫੈਸਲੇ ਅਤੇ ਕਾਰਜ ਲੋਕ ਹਿੱਤ ਵਿੱਚ ਹਨ ਜਾਂ ਨਹੀਂ।

## ਵੋਟ ਕਦੋਂ ਪਾਉਣੀ ਹੈ

6 ਮਈ 2021 ਨੂੰ ਪੋਲਿੰਗ ਸਟੇਸ਼ਨ ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਖੁੱਲ੍ਹੇ ਰਹਿਣਗੇ।
ਤੁਹਾਨੂੰ ਆਪਣੀ ਵੋਟ ਪਾਉਣ ਲਈ ਕਾਫ਼ੀ ਸਮਾਂ ਪਹਿਲਾਂ ਪਹੁੰਚਣਾ ਚਾਹੀਦਾ ਹੈ।

ਜੇ ਤੁਸੀਂ ਡਾਕ ਰਾਹੀਂ ਵੋਟ ਪਾ ਰਹੇ ਹੋ, ਤਾਂ ਤੁਹਾਨੂੰ ਚੋਣਾਂ ਤੋਂ ਪਹਿਲਾਂ ਆਪਣੇ ਬੈਲਟ ਪੇਪਰ ਪ੍ਰਾਪਤ ਹੋ ਜਾਣਗੇ। ਤੁਹਾਨੂੰ ਇਹਨਾਂ ਨੂੰ 6 ਮਈ 2021 ਨੂੰ ਰਾਤ 10 ਵਜੇ ਤੱਕ ਵਾਪਸ ਕਰਨਾ ਯਕੀਨੀ ਬਣਾਉਣਾ ਪਵੇਗਾ।

## ਕੌਣ ਵੋਟ ਪਾ ਸਕਦਾ ਹੈ

ਤੁਸੀਂ ਵੋਟ ਪਾ ਸਕਦੇ ਹੋ ਜੇ:

- 6 ਮਈ 2021 ਨੂੰ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ
- ਤੁਸੀਂ ਲੰਡਨ ਵਿੱਚ ਰਹਿ ਰਹੇ ਇੱਕ ਬ੍ਰਿਟਿਸ਼, ਯੂਰਪੀ ਯੂਨੀਅਨ ਜਾਂ ਯੋਗ ਕਾਮਨਵੈਲਥ ਨਿਵਾਸੀ ਹੋ
- ਤੁਸੀਂ 19 ਅਪ੍ਰੈਲ 2021 ਤੱਕ ਵੋਟ ਪਾਉਣ ਲਈ ਰਜਿਸਟਰਡ ਹੋ

ਤੁਸੀਂ www.gov.uk/register-to-vote‘ਤੇ ਜਾ ਕੇ ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹੋ ਜਾਂ ਆਪਣੀ ਸਥਾਨਕ ਕਾਉਂਸਿਲ ਨਾਲ ਸੰਪਰਕ ਕਰੋ।

# ਵੋਟ ਕਿੱਥੇ ਪਾਉਣੀ ਹੈ

ਤੁਹਾਡੇ ਕੋਲ ਵੋਟ ਪਾਉਣ ਦੇ 3 ਤਰੀਕੇ ਹਨ।



## 1 ਆਪਣੇ ਪੋਲਿੰਗ ਸਟੇਸ਼ਨ 'ਤੇ:

- 6 ਮਈ ਤੋਂ ਪਹਿਲਾਂ ਤੁਹਾਨੂੰ ਤੁਹਾਡੇ ਪੋਲਿੰਗ ਸਟੇਸ਼ਨ ਦੇ ਵੇਰਵਿਆਂ ਵਾਲਾ ਇੱਕ 'ਪੋਲ ਕਾਰਡ' ਭੇਜਿਆ ਜਾਵੇਗਾ।
- ਤੁਸੀਂ ਸਿਰਫ ਇਸ ਕਾਰਡ 'ਤੇ ਦਿੱਤੇ ਗਏ ਪੋਲਿੰਗ ਸਟੇਸ਼ਨ 'ਤੇ ਹੀ ਵੋਟ ਪਾ ਸਕਦੇ ਹੋ।
- ਜੇ ਲੋੜ ਪੈਂਦੀ ਹੈ, ਤਾਂ ਪੋਲਿੰਗ ਸਟੇਸ਼ਨ ਦਾ ਸਟਾਫ ਬੈਲਟ ਪੇਪਰਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।
- ਤੁਹਾਨੂੰ ਆਪਣੇ ਪੋਲਿੰਗ ਕਾਰਡ ਨੂੰ ਆਪਣੇ ਨਾਲ ਪੋਲਿੰਗ ਸਟੇਸ਼ਨ 'ਤੇ ਲਿਆਉਣ ਦੀ ਲੋੜ ਨਹੀਂ ਹੈ, ਪਰ ਇਸ ਨਾਲ ਸਟਾਫ ਨੂੰ ਆਸਾਨੀ ਹੋਵੇਗੀ।

### ਪੋਲਿੰਗ ਸਟੇਸ਼ਨ 'ਤੇ ਕੀ ਉਮੀਦ ਕੀਤੀ ਜਾਵੇ:

6 ਮਈ ਨੂੰ ਪੋਲਿੰਗ ਸਟੇਸ਼ਨ ਵੋਟ ਪਾਉਣ ਲਈ ਸੁਰੱਖਿਅਤ ਸਥਾਨ ਹੋਣਗੇ। ਜੇ ਤੁਹਾਡੀ ਸਿਹਤ ਠੀਕ ਨਹੀਂ ਹੈ, ਤਾਂ ਵਿਅਕਤੀਗਤ ਤੌਰ 'ਤੇ ਵੋਟ ਨਾ ਪਾਓ। ਤੁਸੀਂ ਆਪਣੇ-ਆਪ ਅਤੇ ਦੂਜਿਆਂ ਨੂੰ ਸੁਰੱਖਿਅਤ ਰੱਖਣ ਲਈ ਇਹ ਕਰ ਸਕਦੇ ਹੋ:

- ਚਿਹਰੇ ਨੂੰ ਕਵਰ ਕਰਨ ਲਈ ਕੁਝ ਪਹਿਨੋ ਜਦ ਤਕ ਕਿ ਉਹਾਨੂੰ ਇਸ ਤੋਂ ਛੋਟ ਨਹੀਂ ਮਿਲੀ ਹੋਈ ਹੈ
- ਆਪਣੇ ਹੱਥਾਂ ਨੂੰ ਸਾਫ਼ ਕਰੋ - ਹੈਂਡ ਸੈਨੇਟਾਈਜ਼ਰ ਉਪਲਬਧ ਹੋਣਗੇ
- ਸਰੀਰਕ ਦੂਰੀ ਅਤੇ ਇੱਕ ਤਰਫਾ ਸਿਸਟਮ ਦਾ ਪਾਲਣ ਕਰੋ
- ਆਪਣਾ ਪੈਨ ਜਾਂ ਪੈਨਸਿਲ ਨਾਲ ਲਿਆਓ

ਕੋਵਿਡ-19 ਅਤੇ ਚੋਣਾਂ ਬਾਰੇ ਨਵੀਨਤਮ ਜਾਣਕਾਰੀ ਪ੍ਰਾਪਤ ਕਰਨ ਲਈ, ਲੰਡਨ ਇਲੈਕਟਸ ਵੈੱਬਸਾਈਟ www.londonelects.org.uk/Covid 'ਤੇ ਜਾਓ

ਜੇ ਤੁਸੀਂ ਖੁਦ ਪੋਲਿੰਗ ਸਟੇਸ਼ਨ ਨਹੀਂ ਜਾ ਸਕਦੇ ਹੋ, ਤਾਂ ਤੁਸੀਂ ਡਾਕ ਰਾਹੀਂ ਜਾਂ ਪਰਾਕਸੀ ਰਾਹੀਂ ਵੋਟ ਪਾਉਣ ਲਈ ਦਰਖਾਸਤ ਦੇ ਸਕਦੇ ਹੋ।

**2** **ਡਾਕ ਰਾਹੀਂ:**

- ਤੁਹਾਡੇ ਬੈਲਟ ਪੇਪਰ ਚੋਣ ਵਾਲੇ ਦਿਨ ਤੋਂ ਇੱਕ ਹਫਤਾ ਪਹਿਲਾਂ ਤੁਹਾਨੂੰ ਭੇਜ ਦਿੱਤੇ ਜਾਣਗੇ।
- ਆਪਣੀਆਂ ਵੋਟਾਂ ਲਈ ਨਿਸ਼ਾਨ ਲਗਾਓ ਅਤੇ ਉਨ੍ਹਾਂ ਨੂੰ ਇਸ ਤਰ ਵਾਪਸ ਭੇਜੋ ਤਾਂ ਜੋ ਉਹ 6 ਮਈ 2021 ਨੂੰ ਰਾਤ 10 ਵਜੇ ਤੋਂ ਪਹਿਲਾਂ ਪਹੁੰਚ ਜਾਣ।
- ਤੁਹਾਨੂੰ ਆਪਣੇ ਦਸਤਖਤ ਅਤੇ ਜਨਮ-ਮਿਤੀ ਨਾਲ ਸੁਰੱਖਿਆ ਘੋਸ਼ਣਾ ਨੂੰ ਪੂਰਾ ਕਰਨਾ ਯਾਦ ਰੱਖਣਾ ਚਾਹੀਦਾ ਹੈ।
- ਜੇ ਤੁਸੀਂ ਸਮੇਂ ਸਿਰ ਆਪਣੀਆਂ ਵੋਟਾਂ ਵਾਪਸ ਨਹੀਂ ਭੇਜਦੇ ਹੋ, ਤਾਂ ਉਹਨਾਂ ਨੂੰ ਗਿਣਿਆ ਨਹੀਂ ਜਾਵੇਗਾ।
- ਜੇ ਤੁਸੀਂ ਉਨ੍ਹਾਂ ਨੂੰ ਡਾਕ ਵਿੱਚ ਪੋਸਟ ਕਰਨਾ ਭੁੱਲ ਗਏ ਹੋ, ਤਾਂ ਤੁਸੀਂ ਆਪਣੀ ਭਰੀ ਹੋਈ ਡਾਕ ਵੋਟ ਨੂੰ ਤੁਹਾਨੂੰ ਦਿੱਤੇ ਗਏ ਲਿਫਾਫੇ ਵਿੱਚ ਆਪਣੇ ਪੋਲਿੰਗ ਸਟੇਸ਼ਨ 'ਤੇ ਲਿਜਾ ਸਕਦੇ ਹੋ।

ਨਵੀਆਂ ਡਾਕ ਵੋਟ ਅਰਜ਼ੀਆਂ ਅਤੇ ਮੌਜੂਦਾ ਡਾਕ ਜਾਂ ਪਰਾਕਸੀ ਵੋਟਾਂ ਵਿੱਚ ਤਬਦੀਲੀਆਂ ਦੀ ਸਮਾਂ-ਸੀਮਾ 20 ਅਪ੍ਰੈਲ 2021 ਨੂੰ ਸ਼ਾਮ 5 ਵਜੇ ਤੱਕ ਹੈ।



**3 ਪਰਾਕਸੀ ਦੀ ਵਰਤੋਂ ਕਰਨਾ:**

- ਜੇ ਤੁਸੀਂ ਪੋਲਿੰਗ ਸਟੇਸ਼ਨ ਤਕ ਨਹੀਂ ਜਾ ਸਕਦੇ ਹੋ, ਤਾਂ ਤੁਸੀਂ ਆਪਣੇ ਭਰੋਸੇ ਦੇ ਕਿਸੇ ਵਿਅਕਤੀ ਨੂੰ ਤੁਹਾਡਾ ਪਰਾਕਸੀ ਬਣਨ ਲਈ ਕਹਿ ਸਕਦੇ ਹੋ।
- ਇਸਦਾ ਮਤਲਬ ਹੈ ਕਿ ਉਹ ਤੁਹਾਡੀ ਤਰਫੋਂ ਵੋਟ ਪਾ ਸਕਦੇ ਹਨ, ਪਰ ਤੁਹਾਨੂੰ ਉਨ੍ਹਾਂ ਨੂੰ ਇਹ ਦੱਸਣਾ ਪਵੇਗਾ ਕਿ ਤੁਸੀਂ ਕਿਸ ਨੂੰ ਵੋਟ ਪਾਉਣਾ ਚਾਹੁੰਦੇ ਹੋ।

ਪਰਾਕਸੀ (ਪੋਸਟਲ ਪਰਾਕਸੀ ਜਾਂ ਐਮਰਜੈਂਸੀ ਪਰਾਕਸੀ ਨਹੀਂ) ਰਾਹੀਂ ਵੋਟ ਪਾਉਣ ਲਈ ਨਵੀਆਂ ਅਰਜ਼ੀਆਂ ਪ੍ਰਾਪਤ ਕਰਨ ਦੀ ਸਮਾਂ-ਸੀਮਾ 27 ਅਪ੍ਰੈਲ 2021 ਨੂੰ ਸ਼ਾਮ 5 ਵਜੇ ਤੱਕ ਹੈ।


ਐਮਰਜੈਂਸੀ ਪਰਾਕਸੀ ਅਰਜ਼ੀਆਂ ਪ੍ਰਾਪਤ ਕਰਨ ਦੀ ਸਮਾਂ-ਸੀਮਾ 6 ਮਈ 2021 ਨੂੰ ਸ਼ਾਮ 5 ਵਜੇ ਤੱਕ ਹੈ।

**ਵਧੇਰੇ ਜਾਣਕਾਰੀ ਲਈ londonelects.org.uk 'ਤੇ ਜਾਓ**
**@LondonElects**
**#LondonVotes**

# ਵੋਟ ਕਿਵੇਂ ਪਾਉਣੀ ਹੈ


ਵੋਟ ਪਾਉਣ ਲਈ ਤੁਹਾਨੂੰ 3 ਬੈਲਟ ਪੇਪਰ ਦਿੱਤੇ ਜਾਣਗੇ:

## ਲੰਡਨ ਦਾ ਮੇਅਰ (ਗੁਲਾਬੀ ਬੈਲਟ ਪੇਪਰ):




- ਲੰਡਨ ਦੇ ਮੇਅਰ ਲਈ ਤੁਹਾਡੇ ਕੋਲ 2 ਵਿਕਲਪ ਹੋਣਗੇ।
- ਕਾਲਮ A ਵਿੱਚ ਆਪਣੀ ਪਹਿਲੀ ਪਸੰਦ 'ਤੇ ਨਿਸ਼ਾਨ [X] ਲਗਾਓ।
- ਕਾਲਮ B ਵਿੱਚ ਵੱਖਰੀ ਦੂਜੀ ਪਸੰਦ 'ਤੇ ਨਿਸ਼ਾਨ [X] ਲਗਾਓ।
- ਤੁਹਾਡੇ ਲਈ ਆਪਣੀ ਪਹਿਲੀ ਪਸੰਦ ਦੀ ਚੋਣ ਕਰਨਾ ਜ਼ਰੂਰੀ ਹੈ, ਨਹੀਂ ਤਾਂ ਤੁਹਾਡੀ ਵੋਟ ਗਿਣੀ ਨਹੀਂ ਜਾਵੇਗੀ।
- ਹਰ ਵੋਟ ਵੱਖਰੇ ਉਮੀਦਵਾਰ ਲਈ ਹੋਣੀ ਚਾਹੀਦੀ ਹੈ।

## ਹਲਕਾ ਲੰਡਨ ਅਸੈਂਬਲੀ ਮੈਂਬਰ (ਪੀਲਾ ਬੈਲਟ ਪੇਪਰ):



- ਉਸ ਵਿਅਕਤੀ ਦੀ ਚੋਣ ਕਰੋ ਜਿਸ ਨੂੰ ਤੁਸੀਂ ਆਪਣੇ ਨੁਮਾਇੰਦੇ ਵੱਜੋਂ ਲੰਡਨ ਅਸੈਂਬਲੀ ਵਿੱਚ ਭੇਜਣਾ ਚਾਹੁੰਦੇ ਹੋ।
- ਸਿਰਫ ਇੱਕ ਉਮੀਦਵਾਰ ਲਈ ਵੋਟ ਪਾਓ।
- ਆਪਣੀ ਪਸੰਦ ਦੇ ਨਾਲ [X] ਨਿਸ਼ਾਨ ਲਗਾਓ।

## ਲੰਡਨ-ਭਰ ਲਈ ਅਸੈਂਬਲੀ ਮੈਂਬਰ (ਸੰਤਰੀ ਬੈਲਟ ਪੇਪਰ):



- ਉਸ ਵਿਅਕਤੀ ਦੀ ਚੋਣ ਕਰੋ ਜਿਸ ਨੂੰ ਤੁਸੀਂ ਪੂਰੇ ਲੰਡਨ ਦੇ ਨੁਮਾਇੰਦੇ ਵੱਜੋਂ ਲੰਡਨ ਅਸੈਂਬਲੀ ਵਿੱਚ ਭੇਜਣਾ ਚਾਹੁੰਦੇ ਹੋ।
- ਸਿਰਫ ਇੱਕ ਵਾਰ ਵੋਟ ਪਾਓ।
- ਆਪਣੀ ਪਸੰਦ ਦੇ ਨਾਲ [X] ਨਿਸ਼ਾਨ ਲਗਾਓ।

# ਵਧੇਰ ਜਾਣਕਾਰੀ

ਅਪ੍ਰਲ 2021 ਵਿਚ, ਉਸ ਹਰ ਵਿਅਕਤੀ ਨ, ਜੋ ਲਡਨ ਵਿਚ ਵਟ ਪਾਉਣ ਲਈ ਰਜਿਸਟਰ ਹਇਆ ਹੈ, ਇੱਕ ਚਣ ਕਿਤਾਬਚਾ ਪ੍ਰਾਪਤ ਹਏਗਾ। ਇਸ ਵਿਚ ਲਡਨ ਅਸੈਂਬਲੀ ਦ ਸਾਰ ਉਮੀਦਵਾਰਾਂ ਦੀ ਸੂਚੀ, ਮੇਅਰ ਦ ਉਹਨਾਂ ਉਮੀਦਵਾਰਾਂ ਦ ਮਿੰਨੀ-ਮੈਨੀਫਸਟ ਜੋ ਇਹ ਦਣ ਦੀ ਚਣ ਕਰਦ ਹਨ, ਅਤ ਤਹਾਡ ਲਈ ਇਸ ਬਾਰ ਮਹਤਵਪਰਨ ਜਾਣਕਾਰੀ ਹਵਗੀ ਕਿ ਕਿਥੇ ਅਤ ਕਿਵ ਵਟ ਪਾਉਣੀ ਹ। ਇਹ ਜਲਦ ਹੀ ਤਹਾਡ ਘਰ ਪਹਚ ਜਾਵਗਾ।

ਜੇ ਤਹਾਡ ਕਈ ਸਵਾਲ ਹਨ, ਤਾਂ ਕਿਰਪਾ ਕਰਕ ਸੰਪਰਕ ਕਰ:
info@londonelects.org.uk

ਕਵਿਡ-19 ਅਤ ਚਣਾਂ ਬਾਰ ਨਵੀਨਤਮ ਜਾਣਕਾਰੀ ਪ੍ਰਾਪਤ ਕਰਨ ਲਈ, ਲਡਨ ਇਲਕਟਸ ਵੈੱਬਸਾਈਟ www.londonelects.org.uk/Covid 'ਤ ਜਾਓ